ਨੈ: 8/cc ਮਿਤੀ 4/6/15

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

ਹੁਕਮ

ਸ੍ਰੀ ਓਮ ਪ੍ਰਕਾਸ਼, ਸੁਪਰਡੰਟ ਗਰੇਡ-2 (ਸੀਨੀਆਰਤਾ ਨੰ: 17) ਮੁੱਖ ਦਫਤਰ ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਮਿਤੀ 8.1.2015 ਨੂੰ ਹੋਈ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਬਤੌਰ ਸੁਪਰਡੰਟ ਗਰੇਡ-1 ਤਨਖਾਹ ਸਕੇਲ 15600-39100 + 5400/- ਗਰੇਡ-ਪੇਅ ਵਿੱਚ ਪੱਦ ਉਨਤ ਕੀਤਾ ਜਾਂਦਾ ਹੈ:-

2. ਇਹ ਪੱਦ ਉਨਤੀ ਹੇਠ ਲਿਖੀਆਂ ਸ਼ਰਤਾਂ ਤੇ ਆਧਾਰਿਤ ਹੋਵੇਗੀ :-

ੳ) ਪੱਦ-ਉਨਤ ਹੋਣ ਵਾਲੇ ਅਧਿਕਾਰੀਆਂ ਨੂੰ ਰੂਲਾਂ/ਹਦਾਇਤਾਂ ਅਨੁਸਾਰ ਇੱਕ ਸਾਲ ਦਾ ਪਰਖ-ਕਾਲ ਦਾ ਸਮਾਂ ਪੂਰਾ ਕਰਨਾ ਹੋਵੇਗਾ।

ਅ) ਮਾਨਯੋਗ ਸੁਪਰੀਮ ਕੋਰਟ ਵੱਲੋਂ 85ਵੀਂ ਸੰਵਿਧਾਨਿਕ ਸੋਧ ਸਬੰਧੀ ਮਿਤੀ 19.10.2006 ਨੂੰ ਦਿੱਤੇ ਫੈਸਲੇ ਦੀ ਰੋਸ਼ਨੀ ਵਿੱਚ ਪ੍ਰਸੋਨਲ ਵਿਭਾਗ, ਪੰਜਾਬ ਵੱਲੋਂ ਜੋ ਨੀਤੀ ਨਿਰਧਾਰਿਤ ਕੀਤੀ ਜਾਵੇਗੀ, ਉਸ ਦੀ ਪਾਲਣਾਂ ਕੀਤੀ ਜਾਵੇਗੀ । ਪ੍ਰਬੰਧਕੀ ਜਰੂਰਤਾਂ ਦੇ ਆਧਾਰ ਤੇ ਜੇ ਕੋਈ ਤਬਦੀਲੀ ਆਈ ਤਾਂ ਇਹ ਪੱਦ ਉਨਤੀ ਮੁੜ ਵਿਚਾਰੀ ਜਾ ਸਕਦੀ ਹੈ।

ੲ) ਇਹ ਤਰੱਕੀ ਇਸ ਸ਼ਰਤ ਤੇ ਕੀਤੀ ਜਾ ਰਹੀ ਹੈ ਕਿ ਇਹ ਵੱਖ ਵੱਖ ਅਦਾਲਤਾਂ ਵਿੱਚ ਪੈਡਿੰਗ ਪਏ ਕੋਰਟ ਕੇਸਾਂ (ਜੇਕਰ ਕੋਈ ਹੋਵੇ) ਤਾਂ ਉਹਨਾਂ ਫੈਸਲਿਆਂ ਤੇ ਆਧਾਰਿਤ ਹੋਵੇਗੀ।

ਸ) ਇਹ ਪੱਦ-ਉਨਤੀ ਕਰਨ ਕਾਰਨ ਫੀਡਰ-ਕਾਡਰ (ਸਭ ਤੋਂ ਹੇਠਲਾ ਕਾਡਰ) ਵਿੱਚ ਖਾਲੀ ਹੋਣ ਵਾਲੀਆਂ ਆਸਾਮੀਆਂ ਪ੍ਰਸੋਨਲ ਵਿਭਾਗ, ਪੰਜਾਬ ਦੇ ਮੀਮੋ ਨੰ: 3/41/02-3ਪੀਪੀ(1)/8003, ਮਿਤੀ 19.6.2002 ਰਾਹੀਂ ਜਾਰੀ ਹਦਾਇਤਾਂ ਦੀ ਰੋਸ਼ਨੀ ਵਿੱਚ ਖਤਮ ਸਮਝੀਆਂ ਜਾਣ।

ਹ) ਇਹ ਹੁਕਮ ਸੁਪਰਡੰਟ ਗਰੇਡ-1 ਦੀ ਆਸਾਮੀਂ ਤੇ ਹਾਜਰ ਹੋਣ ਦੀ ਮਿਤੀ ਤੋਂ ਲਾਗੂ ਹੋਣਗੇ ਅਤੇ ਇਸ ਅਧਿਕਾਰੀ ਦੀ ਪੋਸਟਿੰਗ ਦੇ ਹੁਕਮ ਵੱਖਰੇ ਤੌਰ ਤੇ ਜਾਰੀ ਕੀਤੇ ਜਾਣਗੇ।

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ।

ਮਿਤੀ,ਚੰਡੀਗੜ੍ਹ:
03-06-2015

ਪਿੱਠ ਅੰਕਣ ਨੰ: 8/24/2014-5ਸਿੰ.ਪ੍ਰੋ:2/404

ਮਿਤੀ,ਚੰਡੀਗੜ੍ਹ: 4/6/2015

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ:8658/7ਪ੍ਰਸਾਸਨ/2015, ਮਿਤੀ 26.5.2015 ਦੇ ਹਵਾਲੇ ਵਿੱਚ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
2) ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
3) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।
4) ਸੁਪਰਡੰਟ, ਪ੍ਰਸ਼ਾਸ਼ਨ ਸ਼ਾਖਾ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
5) ਸਬੰਧਤ ਅਧਿਕਾਰੀ ਮਾਰਫਤ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।

ਅਧੀਨ ਸਕੱਤਰ ਸਿੰਚਾਈ